# ਰੋਜਾਨਾ ਕਰਾਇਮ ਰਿਪੋਰਟ ਮਿਤੀ 14.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਗਿੱਦੜਬਾਹਾ | 80 ਮਿਤੀ 13.07.2024 ਅ/ਧ 21B/61/85 NDPS ACT | ਲੰਬੀ ਰੋਡ ਗਿਦੜਬਾਹਾ | ਸ਼:ਥ ਗੁਰਮੀਤ ਸਿੰਘ | ਵਿਸਾਲ ਕੁਮਾਰ ਉਰਫ ਅਲੀ ਪੁੱਤਰ ਰਜਿੰਦਰ ਕੁਮਾਰ ਵਾਸੀ ਵਾਰਡ ਨੰਬਰ 14 ਗੁਰਦਾਸ ਮਾਨ ਵਾਲੀ ਗਲੀ ਬੈਟਾਬਾਦ ਮੁੱਹਲਾ ਗਿਦੜਬਾਹਾ | ਹੋ ਚੁੱਕੀ ਹੈ। | ਸ਼ੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਸ:ਥ: ਗੁਰਮੀਤ ਸਿੰਘ ਨੰਬਰ 519/ਸਮਸ ਸਮੇਤ ਪੁਲਿਸ ਪਾਰਟੀ ਦੇ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿਚ ਰੇਲਵੇ ਫਾਟਕ ਗਿਦੜਬਾਹਾ ਤੋ ਕ੍ਰੀਬ ਡੇਢ ਕਿਲੋਮੀਟਰ ਅੱਗੇ ਲੰਬੀ ਸਾਇਡ ਪੁੱਜੇ ਤਾ ਰੋਡ ਦੇ ਸੱਜੇ ਹੱਥ ਖੜਵੱਜੇ ਵਾਲੇ ਰਸਤੇ ਤੋ ਥੋੜਾ ਪਿੱਛੇ ਇੱਕ ਮੋਨਾ ਨੋਜਵਾਨ ਵਿਅਕਤੀ ਖੜਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗਾ ਤਾ ਸ:ਥ: ਗੁਰਮੀਤ ਸਿੰਘ ਨੇ ਸ਼ੱਕ ਦੀ ਬਿਨਾ ਪਰ ਕਾਬੂ ਕਰਕੇ ਨਾਮ ਪਤਾ ਪੁਛਿਆ ਜਿਸਨੇ ਆਪਣਾ ਨਾਮ ਵਿਸਾਲ ਕੁਮਾਰ ਉਰਫ ਅਲੀ ਪੁੱਤਰ ਰਜਿੰਦਰ ਕੁਮਾਰ ਵਾਸੀ ਵਾਰਡ ਨੰਬਰ 14 ਗੁਰਦਾਸ ਮਾਨ ਵਾਲੀ ਗਲੀ ਬੈਟਾਬਾਦ ਮੁੱਹਲਾ ਗਿਦੜਬਾਹਾ ਦੱਸਿਆ। ਜਿਸਤੇ ਸ:ਥ: ਗੁਰਮੀਤ ਸਿੰਘ ਨੇ ਇਸ ਪਾਸ ਕੋਈ ਨਸ਼ੀਲੀ ਵਸਤੂ ਦਾ ਸ਼ੱਕ ਹੋ ਤੇ ਲਿਖਤੀ ਇਤਲਾਹ ਥਾਣੇ ਭੇਜੀ ਜਿਸਤੇ ਸ:ਥ: ਬਾਜ ਸਿੰਘ ਨੰਬਰ 412/ਸਮਸ ਨੇ ਮੋਕਾ ਪਰ ਪੁੱਜ ਕੇ ਹਸਬ ਜਾਬਤਾ ਕਾਰਵਾਈ ਕਰਦਿਆ ਉਸ ਪਾਸੋ 07 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ। ਜਿਸਤੇ ਮੁਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 07 ਗ੍ਰਾਮ ਹੈਰੋਇਨ | ਸ਼:ਥ ਬਾਜ ਸਿੰਘ: |
| 2 | ਕਬਰਵਾਲਾ | 72 ਮਿਤੀ 13.07.2024 ਅ/ਧ 15B/61/85 NDPS ACT | ਪਿੰਡ ਕਬਰਵਾਲਾ | ਰੁੱਕਾ ਵੱਲੋ ਸ:ਥ: ਪ੍ਰੀਤਮ ਸਿੰਘ | ਅਜੈ ਕੁਮਾਰ ਪੁੱਤਰ ਅਵਿਨਾਸ਼ ਲਾਲ ਪੁੱਤਰ ਰਾਮ ਚੰਦ ਵਾਸੀ ਵਾਰਡ ਨੰਬਰ 6, ਮਹਾਂਵੀਰ ਨਗਰ, ਨਜਦੀਕ ਚਾਂਦ ਮਾਤਾ ਮੰਦਰ ਮਲੋਟ | ਬਾਕੀ ਹੈ। | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹੈ ਕਿ ASI ਪ੍ਰੀਤਮ ਸਿੰਘ 177/ਸਮਸ ਸਮੇਤ ਪੁਲਿਸ ਪਾਰਟੀ ਦੇ ਗਸ਼ਤ ਵਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਕਬਰਵਾਲਾ ਤੋ ਕਰੀਬ ਇਕ ਕਿਲੋਮੀਟਰ ਅੱਗੇ ਜੀ.ਟੀ. ਰੋਡ ਪਰ ਬਾਹੱਦ ਰਕਬਾ ਪਿੰਡ ਕਬਰਵਾਲਾ ਪੁੱਜੀ, ਤਾਂ ਗੱਡੀ ਦੀਆ ਲਾਈਟਾ ਵਿੱਚ ਦੇਖਿਆ ਕਿ ਸਾਹਮਣੇ ਖੱਬੇ ਪਾਸੇ ਸੜਕ ਕਿਨਾਰੇ ਇਕ ਮੋਨਾ ਵਿਅਕਤੀ ਖੜਾ ਦਿਖਾਈ ਦਿਤਾ, ਜਿਸਦੇ ਖੱਬੇ ਹੱਥ ਵਿੱਚ ਇਕ ਪਿੱਠੂ ਬੈਗ ਫੜਿਆ ਹੋਇਆ ਸੀ, ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਇੱਕ ਦਮ ਦੇਖ ਕੇ ਘਬਰਾ ਕੇ ਜਲਦੀ ਨਾਲ ਆਪਣੇ ਸੱਜੇ ਹੱਥ ਜਾਦੀ ਪਹੀ ਵੱਲ ਹੋ ਤੁਰਿਆ, ਜੋ ਲੰਗੜਾ ਕੇ ਤੁਰਦਾ ਸੀ। ਕਿ ASI ਪ੍ਰੀਤਮ ਸਿੰਘ 177/ਸਮਸ ਨੇ ਜਲਦੀ ਨਾਲ ਗੱਡੀ ਰੁਕਵਾ ਕੇ, ਸਾਥੀ ਕ੍ਰਮਚਾਰੀਆਂ ਨੂੰ ਅਲਰਟ ਕਰਕੇ ਸੱਕ ਦੇ ਅਧਾਰ ਤੇ ਉਸਦਾ ਪਿੱਛਾ ਕੀਤਾ, ਤਾਂ ਪੁਲੀਸ ਪਾਰਟੀ ਨੇ ਉਸਨੂੰ ਕਰੀਬ 20 ਕਰਮਾਂ ਦੀ ਦੂਰੀ ਪਰ ਜਾ ਕੇ ਉਸਨੂੰ ਕਾਬੂ ਕਰਕੇ ਰੋਕਿਆ ਤਾਂ ਉਸਨੇ ਆਪਣੇ ਖੱਬੇ ਹੱਥ ਵਿੱਚ ਫੜਿਆ ਹੋਇਆ ਪਿੱਠੂ ਬੈਗ ਰੰਗ ਗਰੇਅ, ਸੰਤਰੀ ਤੇ ਨੀਲਾ ਜਿਸ ਪਰ TOMMY-HILFIGER ਲਿਖਿਆ ਹੋਇਆ, ਜਿਸ ਵਿੱਚ ਕੁਝ ਸੀ, ਇਕ ਦਮ ਹੇਠਾ ਧਰਤੀ ਪਰ ਸੁੱਟ ਦਿਤਾ, ਉਸ ਵੱਲੋ ਸੁੱਟੇ ਹੋਏ ਪਿੱਠੂ ਬੈਗ ਵਿੱਚ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਇਆ ਨੋਟਿਸ ਅ/ਧ 50 NDPS ACT ਤਹਿਤ ਦੇ ਕੇ ਸ:ਥ ਪ੍ਰੀਤਮ ਸਿੰਘ ਨੇ ਪਿੱਠੂ ਬੈਗ ਰੰਗ ਗਰੇਅ, ਸੰਤਰੀ ਤੇ ਨੀਲਾ ਵਿਚੋ ਇਹ ਲਿਫਾਫਾ ਰੰਗ ਕਾਲਾ ਬਾਹਰ ਕੱਢ ਕੇ, ਕੰਪਿਊਟਰ ਕੰਡੇ ਪਰ ਵਜਨ ਕੀਤਾ ਤਾਂ, ਉਹ ਸਮੇਤ ਲਿਫਾਫਾ ਪੋਲੀਥੀਨ, 1 ਕਿਲੋ 700 ਗ੍ਰਾਮ ਡੋਡੇ ਪੋਸਤ ਬ੍ਰਾਮਦ ਹੋਇਆ। ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆਂ। | 01 ਕਿਲੋ 700 ਗ੍ਰਾਮ ਡੋਡੇ ਪੋਸਤ | ਸ:ਥ: ਪ੍ਰੀਤਮ ਸਿੰਘ |
| 3 | ਸਦਰ ਸ਼੍ਰੀ ਮੁਕਤਸਰ ਸਾਹਿਬ | 132 **ਮਿਤੀ** 13.07.2024 **ਅ/ਧ** 21B/61/85 NDPS ACT | **ਘੋੜਮੰਡੀ ਪਿੰਡ ਲੰਬੀਢਾਬ** | ਸ.ਥ **ਜਗਦੀਸ਼ ਸਿੰਘ** | **ਅਨਮੋਲ ਕੁਮਾਰ ਉਰਫ ਮੋਲਾ ਪੁੱਤਰ ਰਾਜ ਕੁਮਾਰ ਪੁੱਤਰ ਦੇਵ ਰਾਜ ਵਾਸੀ ਗੁਰੂ ਨਾਨਕ ਬਸਤੀ ਜਲਾਲਾਬਾਦ ਰੋਡ ਬਾਈਪਾਸ ਸ਼੍ਰੀ ਮੁਕਤਸਰ ਸਾਹਿਬ** | ਹੋ ਚੁੱਕੀ ਹੈ। | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹੈ ਕਿ **ਜਦ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਗਸ਼ਤ ਕਰਦੇ ਹੋਏ ਸ਼ਹਿਰ ਸ਼੍ਰੀ ਮੁਕਤਸਰ ਸਾਹਿਬ ਤੋਂ ਪਿੰਡ ਲੰਬੀਢਾਬ ਨੂੰ ਜਾ ਰਹੇ ਸੀ ਤਾਂ ਜਦ ਪੁਲਿਸ ਪਾਰਟੀ ਘੋੜਮੰਡੀ ਵਿੱਚ ਪੁੱਜੀ ਤਾਂ ਘੋੜਮੰਡੀ ਵਿੱਚ ਬਣੀ ਲਿੰਕ ਸੜਕ ਦੇ ਖੱਬੇ ਪਾਸੇ ਦਰਖੱਤ ਥੱਲੇ ਇੱਕ ਮੋਨਾ ਨੋਜਵਾਨ ਖੜਾ ਦਿਖਾਈ ਦਿੱਤਾ, ਜਿਸਦੇ ਸੱਜੇ ਹੱਥ ਵਿੱਚ ਇੱਕ ਮੋਮੀ ਲਿਫਾਫੀ ਪਾਰਦਰਸ਼ੀ ਫੜੀ ਹੋਈ ਸੀ, ਜਿਸਨੇ ਪੁਲਿਸ ਪਾਰਟੀ ਨੂੰ ਵੇਖ ਕੇ ਆਪਣੇ ਹੱਥ ਵਿੱਚ ਫੜੀ ਮੋਮੀ ਲਿਫਾਫੀ ਆਪਣੀ ਪਹਿਨੀ ਹੋਈ ਨਿੱਕਰ ਦੀ ਸੱਜੀ ਜੇਬ ਵਿੱਚ ਪਾ ਲਈ ਅਤੇ ਖਿਸਕਣ ਦੀ ਕੋਸ਼ਿਸ਼ ਕੀਤੀ ਤਾਂ ASI ਨੇ ਸ਼ੱਕ ਦੀ ਬਿਨਾਹ ਪਰ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਕਤ ਮੋਨੇ ਨੋਜਵਾਨ ਵਿਅਕਤੀ ਨੂੰ ਕਾਬੂ ਕੀਤਾ ਅਤੇ ASI ਨੇ ਗਵਾਹਾਂ ਦੀ ਹਾਜਰੀ ਵਿੱਚ ਮੁਸੱਮੀ ਅਨਮੋਲ ਕੁਮਾਰ ਉਰਫ ਮੋਲਾ ਉਕਤ ਦੇ ਪਹਿਣੀ ਹੋਈ ਨਿੱਕਰ ਦੀ ਸੱਜੀ ਜੇਬ ਵਿੱਚੋਂ ਇੱਕ ਪਾਰਦਰਸ਼ੀ ਮੋਮੀ ਲਿਫਾਫੀ ਮਿਲੀ, ਜਿਸ ਨੂੰ ਖੋਲ ਕੇ ਚੈੱਕ ਕੀਤਾ, ਜਿਸ ਵਿੱਚੋਂ ਹੈਰੋਇਨ ਬ੍ਰਾਮਦ ਹੋਈ, ਜਿਸਦਾ ਕੰਪਿਊਟਰ ਕੰਡੇ ਨਾਲ ਵਜਨ ਕੀਤਾ ਜੋ ਸਮੇਤ ਮੋਮੀ ਲਿਫਾਫੀ ਪਾਰਦਰਸ਼ੀ 9.76 ਗ੍ਰਾਮ ਹੈਰੋਇਨ** ਬਰਾਮਦ **ਹੋਈ**। ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆਂ। | 9.76 ਗ੍ਰਾਮ ਹੈਰੋਇਨ | ਸ.ਥ **ਜਗਦੀਸ਼ ਸਿੰਘ** |
| 4 | ਸਦਰ ਸ਼੍ਰੀ ਮੁਕਤਸਰ ਸਾਹਿਬ | 133 ਮਿਤੀ 13.07.2024 ਅ/ਧ 281,125,324 (4),(5) BNS | ਪਿੰਡ ਉਦੇਕਰਨ | **ਜਗਸੀਰ ਸਿੰਘ ਪੁੱਤਰ ਪ੍ਰੀਤ ਸਿੰਘ ਵਾਸੀ ਪਿੰਡ ਤਾਰੇ ਵਾਲਾ ਉਰਫ ਰੋੜਾ ਵਾਲੀ ਜਿਲਾ ਫਾਜਿਲਕਾ** | **ਦਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਗਲੀ ਨੰਬਰ** 05, **ਸਰਾਭਾ ਨਗਰ, ਅਬੋਹਰ** | ਬਰਜਮਾਨਤ ਰਿਹਾਅ। | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹੈ ਕਿ **ਮਿਤੀ** 11.7.2024 **ਨੂੰ ਮੁਦਈ ਸਮੇਤ ਆਪਣੇ ਪਰਿਵਾਰ ਦੇ ਆਪਣੇ ਟਰੈਕਟਰ ਪਰ ਸਵਾਰ ਹੋ ਕੇ ਪੀਰ ਨਿਗਾਹ ਪਿੰਡ ਲੰਗੇਆਣਾ ਨੇੜੇ ਬਾਘਾਪੁਰਾਣਾ ਮੱਥਾ ਟੇਕਣ ਲਈ ਗਈ ਸੀ ਮੱਥਾ ਟੇਕਣ ਤੋ ਬਾਅਦ ਮੁਦਈ ਵਾਪਸ ਘਰ ਨੂੰ ਆ ਰਹੇ ਸੀ ਤਾਂ ਉਹਨਾ ਦਾ ਟਰੈਕਟਰ ਉਦੇਕਰਨ ਚੌਂਕ ਮੇਨ ਜੀ ਟੀ ਰੋਡ ਪੁੱਜਾ ਤਾ ਅਚਾਨਕ ਪਿਛੋ ਕੋਟਕਪੂਰਾ ਸਾਈਡ ਤੋ ਇੱਕ ਘੋੜਾ ਟਰਾਲਾ ਬੜੀ ਤੇਜ ਰਫਤਾਰ ਨਾਲ ਮੁਦਈ ਦੀ ਟਰਾਲੀ ਦੇ ਪਿਛੇ ਡਾਲੇ ਵਿੱਚ ਸਿੱਧਾ ਵੱਜਾ ਮੁਦਈ ਦਾ ਟਰੈਕਟਰ ਪਟਲ ਗਿਆ ਜਿਸ ਕਰਕੇ ਮੁਦਈ ਦੇ ਪਿਤਾ ਪ੍ਰੀਤਮ ਸਿੰਘ ਅਤੇ ਬਾਕੀ ਪਰਿਵਾਰ ਮੈਂਬਰਾ ਦੇ ਕਾਫੀ ਸੱਟਾ ਲੱਗ ਗਈਆ ਤੇ ਘੋੜਾ ਟਰਾਲਾ ਡਰਾਇਰ ਟਰਾਲਾ ਛੱਡ ਕੇ ਮੌਕਾ ਤੋ ਭੱਜ ਗਿਆ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਅਤੇ ਮੁਦਈ ਮੁਕੱਦਮਾ ਦੀ ਪਛਾਣ ਤੇ ਦੋਸੀ ਨੂੰ ਗ੍ਰਿਫਤਾਰ ਕਰਕੇ ਜੁਰਮ ਜਮਾਨਤਯੋਗ ਹੋਣ ਤੇ ਮੋਕਾ ਪਰ ਬਰਜਮਾਨਤ ਰਿਹਾਅ ਕੀਤਾ ਗਿਆ** | | ਸ.ਥ **ਜੰਗੀਰ ਸਿੰਘ** |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ